بسم اللہ الرحمٰن الرحیم   نحمدہ و نصلی علیٰ رسولہ الکریم   وعلیٰ عبدہ المسیح الموعود

لا الٰہ الا اللہ محمد رسول اللہ

دفتر مجلس انصار اللہ بھارت

**Office Of The Majlis Ansarullah Bharat**

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in   **ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)**


# ਖਿਲਾਫ਼ਤੇ ਅਹਮਦੀਆ ਮੁਸਲਿਮਾ ਦੀਆਂ ਬਰਕਤਾਂ, ਸ਼ਰਧਾ ਭਰਪੂਰ ਕਿੱਸਿਆਂ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫ਼ਾਤੁੱਲ ਮਸੀਹ ਅਲ-ਖਾਮਿਸ ਅੱਯਾਦਹੱਲਾ ਤਆਲਾ ਬਿਨਸਰਹਿਲ ਅਜ਼ੀਜ਼. 24 ਮਈ 2024 ਮਸਜਿਦ ਮਬਾਰਕ. ਇਸਲਾਮਾਬਾਦ

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعٰلَمِيْنَ ۔ الرَّحْمٰنِ الرَّحِيْمِ ۔ مٰلِكِ يَوْمِ الدِّيْنِ ۔ اِيَّاكَ نَعْبُدُ وَ اِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ اَنْعَمْتَ عَلَيْهِمْ ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਰੱਬ ਦੀ ਸਾਡੇ ਉੱਤੇ ਇਹ ਅਪਾਰ ਕਿਰਪਾ ਹੈ ਕਿ ਉਸ ਨੇ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ ਦੀ ਤੌਫ਼ੀਕ ਬਖਸ਼ੀ। ਜਿਨ੍ਹਾਂ ਰਾਹੀਂ ਰੱਬ ਨੇ ਇਸਲਾਮ ਨੂੰ ਮੁੜ੍ਹ ਸੁਰਜੀਤ ਕਰਨਾ ਸੀ। ਆਪ ਅਲੈਹਿ ਸਲਾਮ, ਰੱਬ ਦੇ ਵਚਨਾਂ ਅਨੁਸਾਰ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀਆਂ ਭਵਿੱਖਬਾਣੀਆਂ ਅਨੁਸਾਰ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਗੁਲਾਮੀ ਵਿੱਚ ਇਸਲਾਮ ਧਰਮ ਨੂੰ ਮੁੜ੍ਹ ਸੁਰਜੀਤ ਕਰਨ ਲਈ ਰੱਬ ਵਲੋਂ ਭੇਜੇ ਗਏ ਅਤੇ ਫਿਰ ਰੱਬ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਵਚਨਾਂ ਅਨੁਸਾਰ ਹੀ ਆਪ ਦੀ ਬਣਾਈ ਹੋਈ ਜਮਾਤ ਵਿੱਚ ਖਿਲਾਫ਼ਤ ਦਾ ਨਿਜ਼ਾਮ ਜਾਰੀ ਹੋਇਆ। ਸੋ, ਇਹ ਰੱਬ ਦੇ ਵਚਨਾਂ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀਆਂ ਭਵਿੱਖਬਾਣੀਆਂ ਦੇ ਪੂਰਾ ਹੋਣ ਦਾ ਪ੍ਰਕਟਾਵਾਂ ਹੈ। ਜਿਸ ਕਰਕੇ ਅਸੀਂ ਹਰ ਸਾਲ ਹਰ ਥਾਂ ਜਿੱਥੇ ਜਮਾਤੇ ਅਹਮਦੀਆ ਸਥਾਪਿਤ ਹੈ। 27 ਮਈ ਨੂੰ ਯੌਮੇ-ਖਿਲਾਫ਼ਤ ਮਨਾਉਂਦੇ ਹਾਂ।

26 ਮਈ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਨਿਮਾਣੇ ਸੰਸਾਰ ਨੂੰ ਅਲਵਿਦਾ ਕਹਿ ਗਏ ਅਤੇ 27 ਮਈ ਨੂੰ ਜਮਾਤ ਨੇ ਰੱਬੀ ਵਚਨਾਂ ਅਨੁਸਾਰ ਹਜ਼ਰਤ ਮੌਲਾਨਾ ਹਕੀਮ ਨੂਰ-ਉੱਦ-ਦੀਨ ਸਾਹਿਬ ਰਜ਼ੀ ਅੱਲਾਹ ਅੰਨਹੁ ਨੂੰ ਖਲੀਫ਼ਾਤੁੱਲ ਮਸੀਹ ਅਲ-ਅੱਵਲ ਚੁਣ ਕੇ ਆਪ ਰਜ਼ੀ ਅੱਲਾਹ ਅੰਨਹੁ ਦੇ ਹੱਥ ਉੱਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੰਮ ਨੂੰ ਜਾਰੀ ਰੱਖਣ ਦਾ ਅਹਦ ਕੀਤਾ। ਆਪ ਰਜ਼ੀ ਅੱਲਾਹ ਅੰਨਹੁ ਦੇ ਇਸ ਜਹਾਨ ਨੂੰ ਛੱਡ ਜਾਣ ਮਗਰੋਂ ਹਜ਼ਰਤ ਖਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਦੇ ਹੱਥ ਉੱਤੇ ਜਮਾਤ ਜਮ੍ਹਾ ਹੋਈ। ਫਿਰ ਖਿਲਾਫ਼ਤੇ ਸਾਲਸਾ ਅਤੇ ਖਿਲਾਫ਼ਤੇ ਰਾਬੀਆ ਦਾ ਦੌਰ ਸ਼ੁਰੂ ਹੋਇਆ। ਹਰ ਦੌਰ ਵਿੱਚ ਦੁਸ਼ਮਨ ਨੇ ਜਮਾਤ ਨੂੰ ਖਤਮ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ। ਪਰ ਹਰ ਤਰ੍ਹਾਂ ਉਹਨਾਂ ਨੂੰ ਅਸਫ਼ਲਤਾ ਦਾ ਮੂੰਹ ਵੇਖਣਾ ਪਿਆ। ਹਜ਼ਰਤ ਖਲੀਫ਼ਾਤੁੱਲ ਮਸੀਹ ਅੱਰਾਬੇ ਦੇ ਇਸ ਜਹਾਨ ਤੋਂ ਜਾਣ ਮਗਰੋਂ ਰੱਬ ਨੇ ਆਪਣੇ ਵਚਨ ਨੂੰ ਪੂਰਾ ਕਰਨ ਦਾ ਜਲਵਾ ਵਿਖਾਇਆ ਅਤੇ ਖਿਲਾਫ਼ਤੇ ਖਾਮਸਾ ਦਾ ਚੋਣ ਹੋਇਆ। ਰੱਬ ਨੇ ਮੇਰੀ ਅਥਾਹ ਕਮਜ਼ੋਰੀਆਂ ਦੇ ਬਾਦ ਵੀ ਮੈਨੂੰ ਗੈਰ ਮਾਮੂਲੀ ਮਦਦ ਅਤੇ ਸਹਿਯੋਗ ਦਿੱਤਾ ਅਤੇ ਜਮਾਤ ਦੀ ਤਰੱਕੀ ਦਾ ਕਦਮ ਅੱਗੇ ਤੋਂ ਅੱਗੇ ਹੀ ਵੱਧਦਾ ਗਿਆ। ਦਰਜਨਾਂ ਦੇਸ਼ਾਂ ਵਿੱਚ ਅਹਮਦੀਅਤ ਦਾ ਪੌਦਾ ਲੱਗਿਆ। ਜਮਾਤੇ ਅਹਮਦੀਆ ਦਾ ਪੱਕੇ ਤੌਰ ਉੱਤੇ ਨਿਜ਼ਾਮ ਕਾਯਮ

ਹੋਇਆ। ਸੈਂਕੜਾਂ ਸ਼ਹਿਰਾਂ ਅਤੇ ਕਸਬੀਆਂ ਵਿੱਚ ਆਪ ਰੱਬ ਨੇ ਲੋਕਾਂ ਦਾ ਮਾਰਗ ਦਰਸ਼ਨ ਕਰਕੇ ਖਿਲਾਫ਼ਤ ਦੀ ਮਦਦ ਅਤੇ ਸਹਿਯੋਗ ਦੇ ਨਜ਼ਾਰੇ ਵਿਖਾ ਕੇ ਲੋਕਾਂ ਦੇ ਦਿਲਾਂ ਵਿੱਚ ਖਿਲਾਫ਼ਤ ਨਾਲ ਸੰਬੰਧ ਪੈਦਾ ਕਰਕੇ ਸ਼ਰਧਾਲੂਆਂ ਦੀਆਂ ਜਮਾਤਾਂ ਦੇ ਕਾਯਮ ਕਰਨ ਦੇ ਸਮਾਨ ਪੈਦਾ ਫ਼ਰਮਾਏ ਅਤੇ ਇਹ ਨਜ਼ਾਰਾ ਵਿਖਾਂਦਾ ਚਲਾ ਜਾ ਰਿਹਾ ਹੈ।

ਸੋ, ਨ ਰੱਬ ਆਪਣੇ ਵਚਨਾਂ ਨੂੰ ਭੁੱਲਣ ਵਾਲਾ ਅਤੇ ਤੋੜ੍ਹਨ ਵਾਲਾ ਹੈ ਅਤੇ ਨ ਹੀ ਆਪਣੇ ਸਭ ਤੋਂ ਪਿਆਰੇ ਨਬੀ ਹਜ਼ਰਤ ਮੁਹੱਮਦ ਸੱਲਲਾਹੁ ਅਲੈਹਿ ਵੱਸਲਮ ਦੀਆਂ ਭਵਿੱਖਬਾਣੀਆਂ ਨੂੰ ਪੂਰਾ ਕਰਨ ਵਿੱਚ ਕਮੀ ਕਰਨ ਵਾਲਾ ਹੈ। ਅਸੀਂ ਖੁਸ਼-ਕਿਸਮਤ ਹਾਂ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਨਬੁਵੱਤ ਦੇ ਬਾਦ ਖਿਲਾਫ਼ਤ ਦੀ ਭਵਿੱਖਬਾਣੀ ਨੂੰ ਪੂਰਾ ਹੁੰਦੇ ਵੇਖ ਰਹੇ ਹਾਂ। ਸੋ, ਜੋ ਹਕੀਕਤ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਗੁਲਾਮ ਦੀ ਜਮਾਤ ਦੇ ਨਾਲ ਜੁੜੇ ਰਹਿਣ ਵਾਲੇ ਹਨ। ਉਹ ਰੱਬ ਦੀਆਂ ਮਿਹਰਾਂ ਦੇ ਵਾਰਸ ਬਣਦੇ ਰਹਿਣਗੇ। ਇੰਸ਼ਾ-ਅੱਲਾਹ

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਫ਼ਰਮਾਇਆ ਹੈ ਕਿ ਮੇਰੇ ਬਾਦ ਵੀ ਜਮਾਤ ਵਿੱਚ ਮੇਰੀ ਖਿਲਾਫਤ ਦਾ ਸਿਲਸਿਲਾ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਭਵਿੱਖਬਾਣੀ ਅਨੁਸਾਰ ਜਾਰੀ ਰਹੇਗਾ। ਆਪ ਅਲੈਹਿ ਸਲਾਮ ਨੇ ਫ਼ਰਮਾਇਆ : ਮੈਂ ਖਾਤਮ-ਉੱਲ-ਖੁੱਲਫਾ ਹਾਂ। ਹੁਣ ਜੋ ਵੀ ਆਵੇਗਾ। ਜਿਸ ਨੂੰ ਰੱਬ ਖਿਲਾਫ਼ਤ ਦੀ ਪਦਵੀ ਦੇਵੇਗਾ। ਮੇਰੀ ਪੈਰਵੀ ਵਿੱਚ ਹੀ ਆਵੇਗਾ।

ਸੋ, ਸੰਸਾਰਿਕ ਤੌਰ ਉੱਤੇ ਹੁਣ ਕੋਈ ਜਿਨ੍ਹਾਂ ਚਾਹੇ ਜ਼ੋਰ ਲਾ ਲਏ। ਕਦੇ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਵੱਖ ਹੋ ਕੇ ਖਿਲਾਫ਼ਤ ਕਾਯਮ ਨਹੀਂ ਕਰ ਸਕਦਾ।

ਸੋ, ਜੱਦ ਆਪ ਅਲੈਹਿ ਸਲਾਮ ਦਾ ਇਸ ਸੰਸਾਰ ਤੋਂ ਵਿਦਾ ਹੋਣ ਦਾ ਸਮਾਂ ਨੇੜ੍ਹੇ ਆਇਆ ਤਾਂ ਆਪ ਅਲੈਹਿ ਸਲਾਮ ਨੇ ਖਿਲਾਫ਼ਤ ਦੇ ਜਾਰੀ ਰਹਿਣ ਦੀ ਖਬਰ ਦਿੰਦੇ ਹੋਏ ਫ਼ਰਮਾਇਆ :

" ਰੱਬ ਦੋ ਕਿਸਮ ਦੀਆਂ ਕੁਦਰਤਾਂ ਪ੍ਰਕਟ ਕਰਨਾ ਚਾਹੁੰਦਾ ਹੈ। ਪਹਿਲੀ ਆਪ ਨਬੀਆਂ ਦੇ ਹੱਥੋਂ ਆਪਣੀ ਕੁਦਰਤ ਦਾ ਹੱਥ ਵਿਖਾ ਦਿੱਤਾ ਹੈ। ਦੂਜੀ ਅਜਿਹੇ ਸਮੇਂ ਵਿੱਚ ਜੱਦ ਨਬੀ ਦੇ ਜਾਣ ਮਗਰੋਂ ਮੁਸ਼ਕਿਲਾਂ ਦਾ ਸਾਮ੍ਹਣਾ ਪੈਦਾ ਹੋ ਜਾਂਦਾ ਹੈ ਅਤੇ ਦੁਸ਼ਮਨ ਜ਼ੋਰ ਵਿੱਚ ਆ ਜਾਂਦੇ ਹਨ ਅਤੇ ਖਿਆਲ ਕਰਦੇ ਹਨ ਕਿ ਹੁਣ ਕੰਮ ਵਿਗੜ੍ਹ ਗਿਆ ਅਤੇ ਯਕੀਨ ਕਰ ਲੈਂਦੇ ਹਨ ਕਿ ਹੁਣ ਇਹ ਜਮਾਤ ਬਰਬਾਦ ਹੋ ਜਾਵੇਗੀ ਅਤੇ ਆਪ ਜਮਾਤ ਦੇ ਲੋਕ ਵੀ ਸ਼ੱਕ ਵਿੱਚ ਪੈ ਜਾਂਦੇ ਹਨ ਅਤੇ ਉਹਨਾਂ ਦੀਆਂ ਕਮਰਾਂ ਟੁੱਟ ਜਾਂਦੀਆਂ ਹਨ ਅਤੇ ਕਿਨ੍ਹੇ ਹੀ ਬਦ-ਕਿਸਮਤ ਛੱਡ ਜਾਂਦੇ ਹਨ। ਤੱਦ ਰੱਬ ਦੂਜੀ ਵਾਰ ਆਪਣੀ ਜ਼ਬਰਦਸਤ ਕੁਦਰਤ ਪ੍ਰਕਟ ਕਰਦਾ ਹੈ ਅਤੇ ਡਿੱਗਦੀ ਹੋਈ ਜਮਾਤ ਨੂੰ ਸਾਂਭ ਲੈਂਦਾ ਹੈ। ਸੋ, ਉਹ ਜੋ ਅੰਤ ਤੱਕ ਸਬਰ ਸੰਤੋਖ ਕਰਦਾ ਹੈ। ਰੱਬ ਦੇ ਇਸ ਚਮਤਕਾਰ ਨੂੰ ਵੇਖਦਾ ਹੈ।"

ਫ਼ਰਮਾਇਆ : ਸੋ, ਹੇ ਪਿਆਰੋਂ ! ਜੱਦ ਕਿ ਸ਼ੁਰੂ ਤੋਂ ਰੱਬ ਦੀ ਸੁੰਨਤ ਇਹੀ ਹੈ ਕਿ ਰੱਬ ਦੋ ਕੁਦਰਤਾਂ ਵਿਖਾਉਂਦਾ ਹੈ ਤਾਂ ਵਿਰੋਧੀਆਂ ਦੀਆਂ ਦੋ ਖੁਸ਼ੀਆਂ ਨੂੰ ਖਤਮ ਕਰਕੇ ਵਿਖਾ ਦੇਵੇ। ਸੋ, ਹੁਣ ਸੰਭਵ ਨਹੀਂ ਹੈ ਕਿ ਰੱਬ ਆਪਣੀ ਪੁਰਾਤਨ ਸੁੰਨਤ ਨੂੰ ਛੱਡ ਦੇਵੇ। ਇਸ ਲਈ ਤੁਸੀਂ ਮੇਰੀ ਇਸ ਗੱਲ੍ਹ ਉੱਤੇ ਜੋ ਮੈਂ ਤੁਹਾਡੇ ਸਾਮ੍ਹਣੇ ਬਿਆਨ ਕੀਤੀ, ਦੁਖੀ ਨ ਹੋ ਅਤੇ ਤੁਹਾਡੇ ਦਿਲ੍ਹ ਪਰੇਸ਼ਾਨ ਨ ਹੋ ਜਾਣ। ਕਿਉਂਕਿ ਤੁਹਾਡੇ ਲਈ ਦੂਜੀ ਕੁਦਰਤ ਦਾ ਵੀ ਵੇਖਣਾ ਜ਼ਰੂਰੀ ਹੈ ਅਤੇ ਉਸ ਦਾ ਆਉਣਾ ਤੁਹਾਡੇ ਲਈ ਚੰਗਾ ਹੈ। ਕਿਉਂਕਿ ਉਹ ਸਦੇਵੀਂ ਹੈ। ਜਿਸ ਦਾ ਸਿਲਸਿਲਾ ਅੰਤਿਮ ਦਿਨ ਤੱਕ ਜਾਰੀ ਰਹਿਣ ਵਾਲਾ ਹੈ ਅਤੇ ਉਹ ਦੂਜੀ ਕੁਦਰਤ ਨਹੀਂ ਆ ਸਕਦੀ। ਜੱਦ ਤੱਕ ਮੈਂ ਨ ਜਾਂਵਾਂ।

ਮੈਂ ਇਹ ਵੀ ਦੱਸ ਦਿਆਂ ਕਿ ਮੈਂ ਤਾਂ ਇਸ ਗੱਲ੍ਹ ਦੇ ਇਹ ਵੀ ਅਰਥ ਕਰਨਾ ਕਿ ਜੋ ਲੋਕ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਉਮਰ ਸੰਬੰਧੀ ਬਹਿਸਾਂ ਵਿੱਚ ਪਏ ਹੋਏ ਹਨ। ਉਹਨਾਂ ਦਾ ਵੀ ਇਸ ਵਿੱਚ ਉੱਤਰ ਹੈ ਕਿ ਆਪ ਅਲੈਹਿ ਸਲਾਮ ਨੇ ਆਪਣੀ ਉਮਰ ਦੇ ਸਾਲ ਗਿਣਵਾ ਕੇ ਇਹ ਨਹੀਂ ਦੱਸਿਆ ਕਿ ਇੰਨ੍ਹੇ ਸਾਲ ਬਾਕੀ ਹਨ। ਸਗੋਂ ਆਪਣੀ ਵਾਪਸੀ ਦਾ ਇਸ਼ਾਰਾ ਦਿੱਤਾ ਹੈ ਅਤੇ ਉਮਰ ਦੀ ਬਹਿਸ ਨੂੰ ਕੋਈ ਮਹੱਤਤਾ ਨਹੀਂ ਦਿੱਤੀ। ਸਗੋਂ ਕੰਮ ਪੂਰਾ ਕਰਨ ਦੀ ਮਹੱਤਤਾ ਹੈ। ਆਪ ਅਲੈਹਿ ਸਲਾਮ ਨੇ ਫ਼ਰਮਾਇਆ :

" ਮੈਂ ਜੱਦ ਜਾਵਾਂਗਾ ਤਾਂ ਫਿਰ ਰੱਬ ਉਸ ਦੂਜੀ ਕੁਦਰਤ ਨੂੰ ਤੁਹਾਡੇ ਲਈ ਭੇਜੇਗਾ। ਜੋ ਸਦਾ ਤੁਹਾਡੇ ਨਾਲ ਰਹਿਣ ਵਾਲੀ ਹੈ। ਜਿਵੇਂ ਕਿ ਰੱਬ ਦਾ ਬਰਾਹੀਨ ਅਹਮਦੀਆ ਵਿੱਚ ਵਚਨ ਹੈ ਅਤੇ ਉਹ ਵਚਨ ਮੇਰੇ ਸੰਬੰਧੀ ਨਹੀਂ, ਸਗੋਂ ਤੁਹਾਡੇ ਸੰਬੰਧੀ ਹੈ। ਜਿਵੇਂ ਕਿ ਰੱਬ ਫ਼ਰਮਾਉਂਦਾ ਹੈ ਕਿ ਮੈਂ ਇਸ ਜਮਾਤ ਨੂੰ ਜੋ ਤੇਰੀ ਪੈਰਵੀ ਕਰਦੇ ਹਨ, ਅੰਤਿਮ ਦਿਨ ਤੱਕ ਹੋਰਾਂ ਉੱਤੇ ਗਾਲਿਬ ਕਰਾਂਗਾ। ਸੋ, ਜ਼ਰੂਰੀ ਹੈ ਕਿ ਤੁਹਾਡੇ ਉੱਤੇ ਮੇਰੇ ਵਿਛੋੜੇ ਦਾ ਦਿਨ ਆਵੇ ਤਾਂ ਉਸ ਦੇ ਬਾਦ ਉਹ ਦਿਨ ਆਵੇ। ਜੋ ਸਦੇਵੀਂ ਵਚਨ ਦਾ ਦਿਨ ਹੈ। ਉਹ ਸਾਡਾ ਰੱਬ ਵਚਨਾਂ ਦਾ ਸੱਚਾ ਅਤੇ ਵਫ਼ਾਦਾਰ ਰੱਬ ਹੈ ਉਹ ਸਭ ਤੁਹਾਨੂੰ ਵਿਖਾਏਗਾ। ਜਿਸ ਦਾ ਉਸ ਨੇ ਵਚਨ ਫ਼ਰਮਾਇਆ ਹੈ। ਜੇਕਰ ਇਹ ਦਿਨ ਦੁਨੀਆਂ ਦੇ ਅੰਤਿਮ ਦਿਨ ਹਨ ਅਤੇ ਬਹੁਤ ਆਫਤਾਂ ਹਨ। ਜਿਨ੍ਹਾਂ ਦੇ ਆਉਣ ਦਾ ਸਮਾਂ ਹੈ। ਪਰ ਜ਼ਰੂਰੀ ਹੈ ਕਿ ਇਹ ਦੁਨੀਆ ਕਾਯਮ ਰਹੇ। ਜੱਦ ਤੱਕ ਉਹ ਸਾਰੀਆਂ ਗੱਲ੍ਹਾਂ ਪੂਰੀਆਂ ਨ ਹੋ ਜਾਣ। ਜਿਨ੍ਹਾਂ ਦੀ ਰੱਬ ਨੇ ਖਬਰ ਦਿੱਤੀ ਹੈ।

ਰੱਬ ਦੇ ਵਚਨਾਂ ਅਨੁਸਾਰ ਆਪ ਅਲੈਹਿ ਸਲਾਮ ਦੇ ਇਸ ਨਿਮਾਣੇ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ ਹਰ ਦੌਰੇ ਖਿਲਾਫ਼ਤ ਵਿੱਚ ਜਮਾਤ ਤਰੱਕੀ ਦੀਆਂ ਮੰਜ਼ਿਲਾਂ ਤੈਅ ਕਰਦੀ ਚਲੀ ਜਾ ਰਹੀ ਹੈ ਅਤੇ ਸਦਾ ਵਾਂਗ ਰੱਬ ਦੂਰ ਦਰਾਡੇ ਦੇ ਦੇਸ਼ਾਂ ਵਿੱਚ ਬਹਿਠੇ ਲੋਕਾਂ ਦੇ ਦਿਲਾਂ ਵਿੱਚ, ਜਿਨ੍ਹਾਂ ਨੇ ਕਦੇ ਕਿਸੇ ਖਲੀਫ਼ਾ ਨੂੰ ਵੇਖਿਆ ਵੀ ਨਹੀਂ ਹੈ, ਆਪ ਮਾਰਗ ਦਰਸ਼ਨ ਫ਼ਰਮਾਉਂਦੇ ਹੋਏ। ਖਿਲਾਫ਼ਤ ਦੇ ਝੰਡੇ ਹੇਠਾਂ ਆਉਣ ਦੀ ਹਦਾਯਤ ਦਿੰਦਾ ਹੈ। ਕੁੱਝ ਲੋਕਾਂ ਦੇ ਕਿੱਸੇ ਵੀ ਬਿਆਨ ਕਰ ਦੇਣਾ। ਜਿਨ੍ਹਾਂ ਤੋਂ ਖਿਲਾਫ਼ਤੇ ਅਹਮਦੀਆ ਨਾਲ ਰੱਬ ਦੀ ਮਦਦ ਅਤੇ ਉਸ ਦੇ ਵਚਨ ਪੂਰੇ ਹੋਣ ਦਾ ਨਜ਼ਾਰਾ ਅਸੀਂ ਵੇਖਦੇ ਹਾਂ।

ਬਰਕੀਨਾ ਫਾਸੂ ਦੀ ਇੱਕ ਜਮਾਤ ਵਿੱਚ ਪਹਿਲੀ ਵਾਰ ਐਮ-ਟੀ-ਏ ਲੱਗਿਆ ਅਤੇ ਲੋਕਾਂ ਨੇ ਪਹਿਲੀ ਵਾਰ ਖਲੀਫ਼ਾ ਨੂੰ ਵੇਖਿਆ ਤਾਂ ਉਹਨਾਂ ਦੀ ਅੱਖਾਂ ਵਿੱਚ ਨਮੀ ਸੀ ਅਤੇ ਖੁਸ਼ੀ ਉਹਨਾਂ ਦੇ ਚਿਹਰੇ ਉੱਤੋਂ ਪ੍ਰਕਟ ਸੀ। ਕਹਿਣ ਲੱਗੇ ਕਿ ਐਮ-ਟੀ-ਏ ਉੱਤੇ ਖਲੀਫ਼ਾ ਨੂੰ ਵੇਖ ਕੇ ਸਾਡੀ ਅੱਖਾਂ ਨੂੰ ਠੰਡਕ ਅਤੇ ਦਿਲ ਨੂੰ ਰਾਹਤ ਮਿਲਦੀ ਹੈ।

ਅਮੀਰ ਸਾਹਿਬ ਗੈਮਬੀਆ ਲਿੱਖਦੇ ਹਨ ਕਿ ਇੱਕ ਮੋਟਰ ਮਕੈਨਿਕ ਨੇ ਸੰਯੋਗ ਨਾਲ ਐਮ-ਟੀ-ਏ ਉੱਤੇ ਮੈਨੂੰ ਕੋਈ ਖਿਤਾਬ ਕਰਦੇ ਹੋਏ ਵੇਖ ਲਿਆ ਤਾਂ ਕਹਿਣ ਲੱਗਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਵਿਅਕਤੀ ਨੂੰ ਰੱਬ ਦੀ ਮਦਦ ਪ੍ਰਾਪਤ ਹੈ। ਸੋ, ਸ੍ਰੀਮਾਨ ਨੇ ਆਪਣੇ ਪਰਿਵਾਰ ਦੇ 14 ਲੋਕਾਂ ਨਾਲ ਬੈਅਤ ਕੀਤੀ।

ਜਰਮਨੀ ਦੇ ਸੈਕਟਰੀ ਤਬਲੀਗ ਲਿੱਖਦੇ ਹਨ ਕਿ ਇੱਕ ਅਰਬ ਉਹਨਾਂ ਦੇ ਸਟਾਲ ਉੱਤੇ ਆਏ ਅਤੇ ਕੁਰਾਨ ਸ਼ਰੀਫ ਦਾ ਅਨੁਵਾਦ ਲੈ ਗਏ। ਜਲਸਾ ਸਲਾਨਾ ਜਰਮਨੀ ਵਿੱਚ ਆਉਣ ਦਾ ਉਹਨਾਂ ਨੂੰ ਸੱਦਾ ਦਿੱਤਾ ਗਿਆ। ਕੁੱਝ ਵਿਅਸਤ ਹੋਣ ਕਰਕੇ ਉਹਨਾਂ ਨੇ ਆਪਣੇ ਵੱਡੇ ਭਰਾ ਅਤੇ ਇੱਕ ਹੋਰ ਪਰਿਵਾਰ ਦੇ ਮੈਂਬਰ ਨੂੰ ਭੇਜ ਦਿੱਤਾ। ਜਲਸੇ ਉੱਤੇ ਮੇਰੀ ਤਕਰੀਰ ਸੁਣਨ ਦੇ ਬਾਦ ਉਹਨਾਂ ਦੇ ਭਰਾ ਕਹਿਣ ਲੱਗੇ ਕਿ ਇਸ ਵਿਅਕਤੀ ਨੂੰ ਜ਼ਰੂਰ ਹੀ ਰੱਬ ਦੀ ਮਦਦ ਪ੍ਰਾਪਤ ਹੈ ਅਤੇ ਸ੍ਰੀਮਾਨ ਉਸੇ ਰਾਤ ਬੈਅਤ ਫ਼ਾਰਮ ਭਰ ਕੇ ਅਹਮਦੀਆ ਜਮਾਤ ਵਿੱਚ ਸ਼ਾਮਿਲ ਹੋ ਗਏ।

ਕੈਮਰੂਨ ਦੇ ਇੱਕ ਸ਼ਹਿਰ ਵਿੱਚ 08 ਪਰਿਵਾਰ ਬੈਅਤ ਕਰਕੇ ਜਮਾਤ ਵਿੱਚ ਸ਼ਾਮਿਲ ਹੋ ਗਏ। ਨੌ ਮੁਬਾਇਨ ਦਾ ਕਹਿਣਾ ਹੈ ਕਿ ਐਮ-ਟੀ-ਏ ਨੇ ਸਾਡੇ ਬੱਚਿਆਂ ਦਾ ਜੀਵਨ ਬਦਲ ਦਿੱਤਾ ਹੈ। ਉਹਨਾਂ ਵਿੱਚੋਂ ਇੱਕ ਨੌਜਵਾਨ ਨੂੰ ਸਕੂਲ ਟੀਚਰ ਮੇਰਾ ਖੁਤਬਾ ਜੁਮਾਅ ਸੁਣਨ ਲਈ ਛੁੱਟੀ ਨਹੀਂ ਦਿੰਦਾ ਸੀ। ਉਸ ਨੇ ਕਿਹਾ ਕਿ ਮੈਂ ਸਕੂਲ ਛੱਡ ਸਕਣਾ, ਪਰ ਖੁਤਬਾ ਜੁਮਾਅ ਨਹੀਂ।

ਬਰਕੀਨਾ ਫਾਸੂ ਵਿੱਚ ਹੀ ਇੱਕ ਵਿਅਕਤੀ ਨੇ ਮੈਨੂੰ ਐਮ-ਟੀ-ਏ ਉੱਤੇ ਵੇਖਿਆ ਤਾਂ ਕਿਹਾ : ਮੈਂ ਤਾਂ ਉਹਨਾਂ ਨੂੰ ਸੁਪਨੇ ਵਿੱਚ ਵੇਖ ਚੁੱਕਿਆ ਹਾਂ। ਉਹ ਉਸੇ ਸਮੇਂ ਬਿਨਾਂ ਕਿਸੇ ਦਲੀਲ ਦੇ ਅਹਮਦੀਅਤ ਵਿੱਚ ਦਾਖਲ ਹੋ ਗਏ ਅਤੇ ਉਸ ਦੇ ਪਿੰਡ ਦੇ ਬਹੁਤ ਸਾਰੀ ਲੋਕਾਂ ਨੇ ਅਹਮਦੀਅਤ ਕਬੂਲ ਕੀਤੀ। ਹੁਣ ਰੱਬ ਦੀ ਕਿਰਪਾ ਨਾਲ ਉਸ ਪਿੰਡ ਵਿੱਚ ਇੱਕ ਮਜਬੂਤ ਜਮਾਤ ਕਾਯਮ ਹੋ ਗਈ ਹੈ।

ਹਜ਼ੂਰੇ ਅਨਵਰ ਨੇ ਇਸ ਸਿਲਸਿਲੇ ਵਿੱਚ ਕੁੱਝ ਹੋਰ ਦੇਸ਼ਾਂ ਕੋਂਗੋ ਕਨਸ਼ਾਸਾ, ਸੈਨੀਗਾਲ, ਬੈਲਜੀਅਮ, ਗਿਨੀ ਬਸਾਓ, ਕਰਗਿਸਤਾਨ, ਨਾਈਜੇਰੀਆ ਅਤੇ ਮਾਲੀ ਦੇ ਖਿਲਾਫ਼ਤੇ ਅਹਮਦੀਆ ਨਾਲ ਰੱਬ ਦੀ ਮਦਦ ਅਤੇ ਉਸ ਦੇ ਵਚਨ ਪੂਰੇ ਹੋਣ ਦੇ ਨਜ਼ਾਰੀਆਂ ਉੱਤੇ ਆਧਾਰਿਤ ਸ਼ਰਧਾ ਭਰਪੂਰ ਕਿੱਸੇ ਵੀ ਪੇਸ਼ ਫ਼ਰਮਾਏ। ਉਸ ਦੇ ਬਾਦ ਫ਼ਰਮਾਇਆ ਇਹ ਕੁੱਝ ਕਿੱਸੇ ਹਨ। ਜਿਨ੍ਹਾਂ ਨਾਲ ਰੱਬੀ ਮਦਦ ਦਾ ਪ੍ਰਕਟਾਵਾ ਹੁੰਦਾ ਹੈ ਕਿ ਰੱਬ ਆਪ ਲੋਕਾਂ ਦੇ ਸੀਨੇ ਖੋਲ੍ਹ ਰਿਹਾ ਹੈ। ਗੈਰਾਂ ਦੇ ਦਿਲ ਵਿੱਚ ਖਿਲਾਫ਼ਤੇ ਅਹਮਦੀਆ ਦਾ ਪ੍ਰਭਾਵ ਕਾਯਮ ਫਰਮਾ ਰਿਹਾ ਹੈ। ਨੇਕ ਸਰਿਸ਼ਤ ਲੋਕਾਂ ਨੂੰ ਖਿਲਾਫ਼ਤ ਨਾਲ ਜੋੜ ਰਿਹਾ ਹੈ। ਖਿਲਾਫ਼ਤੇ ਅਹਮਦੀਆ ਦੇ ਇਤਿਹਾਸ ਦਾ ਹਰ ਦਿਨ ਇਸ ਗੱਲ੍ਹ ਦਾ ਪ੍ਰਮਾਣ ਹੈ ਕਿ ਰੱਬ ਹੀ ਖਿਲਾਫ਼ਤੇ ਅਹਮਦੀਆ ਦੀ ਮਦਦ ਅਤੇ ਸਹਿਯੋਗ ਫਰਮਾ ਰਿਹਾ ਹੈ ਅਤੇ ਜਮਾਤ ਪ੍ਰਤੀ ਦਿਨ ਤਰੱਕੀ ਦੀਆਂ ਰਾਹਾਂ ਉੱਤੇ ਤੁਰ ਰਹੀ ਹੈ। ਰੱਬ ਮੈਨੂੰ ਵੀ ਆਪਣੀ ਕਿਰਪਾ ਨਾਲ ਇਸ ਜ਼ਿੰਮੇਦਾਰੀ ਨੂੰ ਅਦਾ ਕਰਨ ਦੀ ਤੌਫ਼ੀਕ ਬਖਸ਼ੇ ਅਤੇ ਹਰ ਅਹਮਦੀ ਨੂੰ ਵੀ ਸੰਪੂਰਨ ਵਫਾ ਅਤੇ ਸ਼ਰਧਾ ਨਾਲ ਸਦਾ ਖਿਲਾਫ਼ਤੇ ਅਹਮਦੀਆ ਨਾਲ ਜੋੜੇ ਰੱਖੇ ਅਤੇ ਉਹ ਸਾਰੇ ਉਦੇਸ਼ ਪੂਰੇ ਫ਼ਰਮਾਏ। ਜਿਨ੍ਹਾਂ ਦਾ ਉਸ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਵਚਨ ਦਿੱਤਾ ਹੈ ਅਤੇ ਖਿਲਾਫ਼ਤੇ ਅਹਮਦੀਆ ਰਾਹੀਂ ਇੱਕ ਈਸ਼ਵਰ ਦੀ ਹਕੂਮਤ ਸੰਸਾਰ ਵਿੱਚ ਕਾਯਮ ਹੋਵੇ ਅਤੇ ਹਜ਼ਰਤ ਮੁਹੱਮਦ ਮੁਸਤਫਾ ਸੱਲਲਾਹੁ ਅਲੈਹਿ ਵੱਸਲਮ ਦਾ ਝੰਡਾ ਦੁਨੀਆਂ ਵਿੱਚ ਲਿਹਰਾਉਣ ਦਾ ਨਜ਼ਾਰਾ ਦੁਨੀਆਂ ਵੇਖੇ।

ਖੁਤਬੇ ਦੇ ਅੰਤ ਵਿੱਚ ਹਜ਼ੂਰੇ ਅਨਵਰ ਨੇ ਸ਼੍ਰੀਮਾਨ ਚੌਧਰੀ ਨਸਰ-ਉੱਲ-ਅੱਲਾਹ ਖਾਨ ਸਾਹਿਬ ਅਤੇ ਸ਼੍ਰੀਮਾਨ ਕੁਨ੍ਰਰ ਇਦਰੀਸ ਅਹਮਦ ਸਾਹਿਬ ਦਾ ਜ਼ਿਕਰ ਫ਼ਰਮਾਇਆ ਅਤੇ ਸਰਗਵਾਸੀਆਂ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ